# ਦਫ਼ਤਰ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ

ਪੰ.ਸ.ਘੇ.ਬੋ. ਕੰਪਲੈਕਸ, ਬਲਾਕ-ਈ, ਚੌਥੀ ਮੰਜਿਲ, ਫੇਜ਼-8, ਐੱਸ.ਏ.ਐੱਸ. ਨਗਰ

ਵੱਲ:

ਪ੍ਰਿੰਸੀਪਲ ਸਹਿਬਾਨ,

ਸਮੂਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,

ਪੰਜਾਬ।

ਮੀਮੋ ਨੰ.: SOE/੧੧੦੭੬੭/੨੦੨੫੭੧੨੪੨੪

ਮਿਤੀ: ਸਅਸ ਨਗਰ/੦੨.10.੨੦੨੫

**ਵਿਸ਼ਾ: PACE (Punjab Academic Coaching For Excellence) ਅਧੀਨ ਸਕੂਲ ਆਫ਼ ਐਮੀਨੈਂਸ ਅਤੇ ਮੈਰੀਟੋਰੀਅਸ ਸਕੂਲਾਂ ਦੇ ਨਾਲ-ਨਾਲ ਸਮੂਹ ਸੀਨੀਅਰ ਸੈਕੰਡਰੀ ਸਕੂਲਾਂ (ਸਾਇੰਸ ਸਟ੍ਰੀਮ ਵਾਲੇ) ਵਿੱਚ ਮਾਕ ਟੈਸਟ ਲੈਣ ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਣਯੋਗ ਹੈ ਕਿ ਵਿਭਾਗ ਵੱਲੋਂ PACE (Punjab Academic Coaching For Excellence) ਪ੍ਰੋਗਰਾਮ ਅਧੀਨ ਸਕੂਲ ਆਫ਼ ਐਮੀਨੈਂਸ ਅਤੇ ਮੈਰੀਟੋਰੀਅਸ ਸਕੂਲਾਂ ਦੇ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੇ JEE ਅਤੇ NEET ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਹਿੱਤ ਮਹੀਨੇ ਵਿੱਚ ਦੋ ਵਾਰ ਮਾਕ ਟੈਸਟ ਲਏ ਜਾਂਦੇ ਹਨ, ਇਸ ਪੋਰਟਲ ਤੇ ਵਿਦਿਆਰਥੀਆਂ ਨੂੰ ਟੈਸਟ ਸੀਰੀਜ਼ ਦੇ ਨਾਲ-ਨਾਲ ਲਰਨਿੰਗ ਰਿਸੋਰਸ ਮੁਹੱਈਆ ਕਰਵਾਏ ਜਾਂਦੇ ਹਨ।

**2.0 ਹੁਣ ਇਹ ਮਾਕ ਟੈਸਟ ਸਕੂਲ ਆਫ਼ ਐਮੀਨੈਂਸ ਅਤੇ ਮੈਰੀਟੋਰੀਅਸ ਸਕੂਲਾਂ ਦੇ ਨਾਲ-ਨਾਲ ਸਮੂਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ, ਜਿਥੇ ਸਾਇੰਸ ਸਟ੍ਰੀਮ ਮੌਜੂਦ ਹੈ, ਵਿੱਚ ਮਹੀਨੇ ਵਿੱਚ ਇੱਕ ਵਾਰ ਲਏ ਜਾਣਗੇ।**

3.0 ਇਸ ਪ੍ਰੋਗਰਾਮ ਨੂੰ ਸਫ਼ਲਤਾਪੂਰਵਕ ਲਾਗੂ ਕਰਨ ਲਈ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ:

**3.1 ਟੈਸਟ ਸ਼ਡਿਊਲ:**

ਇਹ ਮਾਕ ਟੈਸਟ SOE ਅਤੇ RSMS ਸਕੂਲਾਂ ਤੋਂ ਇਲਾਵਾਂ ਸਕੂਲਾਂ ਵਿੱਚ ਮਹੀਨੇ ਵਿੱਚ ਇਕ ਵਾਰ ਲਏ ਜਾਣਗੇ, ਪਹਿਲਾ ਮਾਕ-ਟੈਸਟ 12ਵੀਂ ਜਮਾਤ ਲਈ 6 ਅਕਤੂਬਰ, 2025 ਅਤੇ 11ਵੀਂ ਜਮਾਤ ਲਈ 13 ਅਕਤੂਬਰ, 2025 ਨੂੰ ਲਿਆ ਜਾਵੇਗਾ। ਡਿਟੇਲਡ ਸ਼ਡਿਊਲ www.paceschoolofeminence.org ਤੇ ਮੌਜੂਦ ਹੈ। ਹਰੇਕ ਟੈਸਟ 5 ਦਿਨਾਂ ਲਈ ਓਪਨ ਰਹੇਗਾ। ਸਕੂਲਾਂ ਵੱਲੋਂ ਆਪਣੇ ਪੱਧਰ ਤੇ ਇਹ ਟੈਸਟ ਕੰਡਕਟ ਕਰਨ ਲਈ 3 ਘੰਟੇ ਦਾ ਸਮਾਂ ਨਿਰਧਾਰਿਤ ਕੀਤਾ ਜਾਵੇ।

**3.2 ਮਾਕ ਟੈਸਟ ਲਿੰਕ ਦੀ ਉਪਲੱਬਧਤਾ:**

ਮਾਕ ਟੈਸਟ ਲਿੰਕ PACE ਪੋਰਟਲ ਤੇ ਉਪਲੱਬਧ ਰਹੇਗਾ। ਇਹਨਾਂ ਟੈਸਟਾਂ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਅਤੇ ਸਮੇਂ-ਸਿਰ ਵਿਦਿਆਰਥੀਆਂ ਨੂੰ ਟੈਸਟ ਅਤੇ ਲਿੰਕ ਬਾਰੇ ਜਾਣਕਾਰੀ ਦੇਣ ਦੀ ਜਿੰਮੇਵਾਰੀ ਸਬੰਧਿਤ ਸਕੂਲਾਂ ਦੀ ਹੋਵੇਗੀ। ਸਕੂਲਾਂ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਸਾਰੇ 11ਵੀਂ ਅਤੇ 12ਵੀਂ ਜਮਾਤ ਦੇ ਸਾਇੰਸ ਦੇ ਵਿਦਿਆਰਥੀ ਇਹਨਾਂ ਮਾਕ-ਟੈਸਟਾਂ ਵਿੱਚ ਭਾਗ ਲੈਣ ਅਤੇ ਟੈਸਟ ਦੌਰਾਨ ਕਿਸੇ Unfair Means ਦੀ ਵਰਤੋਂ ਨਾ ਹੋਵੇ।

3.3 **ਮਾਕ ਟੈਸਟ ਲਈ ਹਿਦਾਇਤਾਂ:**

ਟੈਸਟ ਲੈਣ ਲਈ ਸਕੂਲਾਂ ਦੀਆਂ ਕੰਪਿਊਟਰ ਲੈਬਾਂ ਦੀ ਵਰਤੋਂ ਨੂੰ ਪਹਿਲ ਦਿੱਤੀ ਜਾਵੇ। ਇਸਤੋਂ ਇਲਾਵਾ ਟੈਸਟ ਦੇ ਨਿਰਧਾਰਿਤ ਦਿਨ ਵਿਦਿਆਰਥੀਆਂ ਨੂੰ ਆਪਣੇ ਨਿਜੀ ਮੋਬਾਇਲ ਫੋਨ/ਲੈਪਟਾਪ/ਟੈਬ ਲਿਆਉਣ ਦੀ ਆਗਿਆ ਦਿੱਤੀ ਜਾ ਸਕੇ।

3.4 **ਮਾਕ ਟੈਸਟ ਰਿਪੋਰਟ:**

ਹਰੇਕ ਮਾਕ ਟੈਸਟ ਹੋਣ ਉਪਰੰਤ ਸਕੂਲਾਂ ਨਾਲ Comprehensive Performance Report ਸਾਂਝੀ ਕੀਤੀ ਜਾਵੇਗੀ, ਜਿਸ ਵਿੱਚ ਵਿਦਿਆਰਥੀਆਂ ਦੀ ਭਾਗੀਦਾਰੀ, ਕੁਆਲੀਫਿਕੇਸ਼ਨ ਆਦਿ ਸ਼ਾਮਿਲ ਹੋਵੇਗਾ।

3.5 **PACE Portal ਦੇ ਰਿਸੋਰਸ:**

ਇਸ ਪੋਰਟਲ ਤੇ ਵਿਦਿਆਰਥੀਆਂ ਲਈ ਸਟੱਡੀ ਮੈਟੀਰੀਅਲ, ਜਿਵੇਂ ਕਿ Recorded Lectures, Modules, Modules, PYQ's- Previous Year Question, JEE/NEET Syllabus, Important exam dates and Career Information ਮੌਜੂਦ ਹੈ।

4.0 ਇਸਤੋਂ ਇਲਾਵਾ ਸਕੂਲਾਂ ਨੂੰ ਹਿਦਾਇਤ ਕੀਤੀ ਜਾਂਦੀ ਹੈ ਕਿ ਸਕੂਲਾਂ ਵੱਲੋਂ ਇਹਨਾਂ ਟੈਸਟਾਂ ਨੂੰ ਸੁਚਾਰੂ ਢੰਗ ਨਾਲ ਕੰਡਕਟ ਕਰਨ ਲਈ ਇਕ ਟੀਚਰ ਕੋਆਡੀਨੇਟਰ ਦੀ ਡਿਊਟੀ ਲਗਾਈ ਜਾਵੇ।

5.0 ਸਕੂਲਾਂ ਵੱਲੋਂ ਇਹਨਾਂ ਮਾਕ ਟੈਸਟਾਂ ਸਬੰਧੀ ਕਿਸੇ ਵੀ ਸਮੱਸਿਆ ਦੇ ਨਿਪਟਾਰੇ ਲਈ PACE Portal ਤੇ ਮੌਜੂਦ Support Form ਭਰਿਆ ਜਾ ਸਕਦਾ ਹੈ।

6.0 ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ

**ਗੁਰਿੰਦਰ ਸਿੰਘ ਸੋਢੀ, ਪੀ.ਸੀ.ਐਸ.**
**ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ**
**ਐਸ.ਏ.ਐਸ. ਨਗਰ**

ਪਿਠ ਅੰਕਣ ਨੰ. ਉਕਤ ਮਿਤੀ: 02.10.2025

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ./ਮਾਨਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ
2. ਪੀ.ਏ./ਮਾਨਯੋਗ ਵਧੀਕ ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ
3. ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ ਜੀ
4. ਪ੍ਰੋਜੈਕਟਰ ਡਾਇਰੈਕਟਰ ਮੈਰੀਟੋਰੀਅਸ ਸਕੂਲਜ਼
5. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨੂੰ ਇਹ ਪੱਤਰ ਭੇਜਦੇ ਹੋਏ ਲਿਖਿਆ ਜਾਂਦਾ ਹੈ ਸਮੂਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲ ਸਹਿਬਾਨਾਂ ਨੂੰ ਨੋਟ ਕਰਵਾਉਂਦੇ ਹੋਏ ਮਾਕ ਟੈਸਟਾਂ ਦਾ ਸਮੇਂ-ਸਿਰ ਲੈਣਾ ਅਤੇ 11ਵੀਂ ਅਤੇ 12ਵੀਂ ਜਮਾਤ ਦੇ ਸਾਇੰਸ ਦੇ ਵਿਦਿਆਰਥੀਆਂ ਦੀ ਇਹਨਾਂ ਟੈਸਟਾਂ ਵਿੱਚ ਭਾਗੀਦਾਰੀ ਯਕੀਨੀ ਬਣਾਈ ਜਾਵੇ।

**ਸਹਾਇਕ ਡਾਇਰੈਕਟਰ (ਐਸ.ਓ.ਈ.)**

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ ਸ-6/2021/ਪ੫੭ ਮਿਤੀ 03/10/2021
ਉਪਰੋਕਤ ਪੱਤਰ ਦੀ ਕਾਪੀ ਦੇ ਸਬੰਧ ਵਿਚ ਜ਼ਿਲ੍ਹੇ ਦੇ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

3/10/21

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
P/12
03/10/2021